# <u>ਪ੍ਰੈਸ ਨੋਟ</u>

ਸ਼੍ਰੀ ਰਾਜਬਚਨ ਸਿੰਘ ਸੰਧੂ PPS /ਐਸ.ਐਸ.ਪੀ. ਲੁਧਿਆਣਾ (ਦਿਹਾਤੀ) ਜੀ ਦੇ ਹੁਕਮਾ ਨਾਲ ਸਮਾਜ ਵਿਰੋਧੀ ਅਨਸਰਾਂ ਅਤੇ ਬਾਹਰਲੀਆਂ ਸਟੇਟਾਂ ਤੋਂ ਸ਼ਰਾਬ ਲਿਆਕੇ ਨਜਾਇਜ ਤੌਰ ਤੇ ਵੇਚਣ ਦਾ ਧੰਦਾ ਕਰਨ ਵਾਲੇ ਵਿਅਕਤੀਆਂ ਵਿਰੁੱਧ ਸਖਤ ਕਾਰਵਾਈ ਹਿੱਤ ਚਲਾਈ ਮੁਹਿੰਮ ਨੂੰ ਉਦੋਂ ਸਫਲਤਾ ਮਿਲੀ, ਜਦੋਂ ਸ.ਗੁਰਦੀਪ ਸਿੰਘ PPS ਐਸ.ਪੀ.(ਡੀ) ਜਗਰਾਂਉ ਅਤੇ ਸ੍ਰੀ ਅਨਿਲ ਕੁਮਾਰ ਭਨੋਟ PPS ਡੀ.ਐਸ.ਪੀ. (ਡੀ) ਜੀ ਦੀਆਂ ਹਦਾਇਤਾਂ ਅਨੁਸਾਰ ਇੰਸਪੈਕਟਰ ਪ੍ਰੇਮ ਸਿੰਘ ਇੰਚਾਰਜ ਸਪੈਸ਼ਲ ਬ੍ਰਾਂਚ ਜਿਲਾ ਲੁਧਿਆਣਾ (ਦਿਹਾਤੀ) ਦੀ ਜੇਰ ਨਿਗਰਾਨੀ ਹੇਠ ਐਸ.ਆਈ. ਗੁਰਸੇਵਕ ਸਿੰਘ ਨੇ ਸਮੇਤ ਏ.ਐਸ.ਆਈ. ਕਰਮਜੀਤ ਸਿੰਘ, ਏ.ਐਸ.ਆਈ. ਮਨਜੀਤ ਕੁਮਾਰ, ਸਿਪਾਹੀ ਜਸਵਿੰਦਰ ਸਿੰਘ ਅਤੇ ਹੋਰ ਮੁਲਾਜਮਾ ਦੇ ਦੌਰਾਨੇ ਨਾਕਾਬੰਦੀ ਮੇਨ ਚੋਂਕ ਜਲਾਲਦੀਵਾਲ ਤੋਂ ਮਨੀਸ ਸਭਰਵਾਲ ਪੁੱਤਰ ਅਮਰਜੀਤ ਸਭਰਵਾਲ ਵਾਸੀ ਹੈਬੋਵਾਲ ਕਲਾਂ ਲੁਧਿਆਣਾ ਨੂੰ ਸਮੇਤ ਕਾਰ ਮਾਰਕਾ ਬਰੀਜਾ ਨੰਬਰ PB-10-GT-4776 ਦੇ ਕਾਬੂ ਕਰਕੇ ਕਾਰ ਵਿੱਚੋਂ 50 ਪੇਟੀਆਂ ਸ਼ਰਾਬ ਠੇਕਾ ਦੇਸੀ ਮਾਰਕਾ ਫਸਟ ਚੁਆਇਸ ਫਾਰ ਸੇਲ ਇੰਨ ਹਰਿਆਣਾ ਓਨਲੀ ਬਰਾਮਦ ਕੀਤੀਆਂ ਹਨ। ਮੌਕਾ ਤੋਂ ਇਸਦੇ ਸਾਥੀ ਦਮਨਪ੍ਰੀਤ ਸਿੰਘ ਉਰਫ ਦਮਨ ਪੁੱਤਰ ਕੁਲਵੰਤ ਸਿੰਘ ਵਾਸੀ ਪੁਰੀ ਆਟੋ ਵਾਲੀ ਗਲੀ, ਮੁਹੱਲਾ ਅਜੀਤ ਨਗਰ ਜਗਰਾਉਂ, ਗੁਰਪ੍ਰੀਤ ਸਿੰਘ ਉਰਫ ਬੰਟੀ ਪੁੱਤਰ ਬਲਦੇਵ ਸਿੰਘ ਵਾਸੀ ਚਰਚ ਵਾਲੀ ਗਲੀ ਜਗਰਾਉਂ ਅਤੇ ਗੁਲਸਨ ਕੁਮਾਰ ਉਰਫ ਸੇਰੂ ਪੁੱਤਰ ਦੇਸ਼ਰਾਜ ਵਾਸੀ ਸਾਸਤਰੀ ਨਗਰ ਵਾਰਡ ਨੰਬਰ 12 ਜਗਰਾਉਂ, ਜਿੰਨਾ ਪਰ ਬਾਹਰਲੀ ਸਟੇਟ ਦੀ ਸ਼ਰਾਬ ਵੇਚਣ ਦੇ ਪਹਿਲਾ ਵੀ ਵੱਖ ਵੱਖ ਥਾਣਿਆ ਵਿੱਚ ਮੁਕੱਦਮੇ ਦਰਜ ਹਨ, ਸ਼ਰਾਬ ਨਾਲ ਲੋਡਿਡ ਕਾਰ ਮਾਰੂਤੀ ਐਸਪ੍ਰਸੋ ਨੰਬਰ PB-25-H-4498 ਅਤੇ ਕਾਰ ਹਾਂਡਾ ਸਿਟੀ ਨੰਬਰ CH-04-B-1578 ਸਮੇਤ ਮੌਕਾ ਤੋਂ ਫਰਾਰ ਹੋਣ ਵਿੱਚ ਕਾਮਯਾਬ ਹੋ ਗਏ ਸਨ। ਜਿੰਨਾ ਨੂੰ ਵੀ ਜਲਦੀ ਹੀ ਗ੍ਰਿਫਤਾਰ ਕਰ ਲਿਆ ਜਾਵੇਗਾ। ਦੋਸ਼ੀਆ ਦੇ ਖ਼ਿਲਾਫ ਮੁਕੱਦਮਾ ਨੰਬਰ 146 ਮਿਤੀ 21.12.2021 ਅ/ਧ 61-78(2)-1-14 ਆਬਕਾਰੀ ਐਕਟ ਥਾਣਾ ਸਦਰ ਰਾਏਕੋਟ ਦਰਜ ਰਜਿਸਟਰ ਕਰਵਾਇਆ ਗਿਆ ਹੈ। ਉਕਤ ਗ੍ਰਿਫਤਾਰ ਦੋਸ਼ੀ ਦੇ ਖਿਲਾਫ ਪਹਿਲਾ ਵੀ ਸ਼ਰਾਬ ਵੇਚਣ ਦੇ ਮੁਕੱਦਮੇ ਦਰਜ ਹਨ। ਦੋਸ਼ੀ ਮਨੀਸ਼ ਸਭਰਵਾਲ ਨੂੰ ਕੋਰਟ ਵਿੱਚ ਪੇਸ਼ ਕਰਕੇ ਰਿਮਾਂਡ ਲੈਣ ਉਪਰੰਤ ਹੋਰ ਪੁੱਛਗਿੱਛ ਤੇ ਤਫਤੀਸ ਕੀਤੀ ਜਾਵੇਗੀ, ਜਿਸ ਪਾਸੋ ਭਾਰੀ ਮਾਤਰਾ ਵਿੱਚ ਹੋਰ ਬ੍ਰਾਮਦਗੀ ਹੋਣ ਦੀ ਆਸ ਹੈ। ਜੋ ਉਕਤ ਦੋਸ਼ੀ ਲੰਬੇ ਸਮੇਂ ਤੋਂ ਸਰਾਬ ਵੇਚਣ ਦਾ ਧੰਦਾ ਕਰਨ ਦਾ ਆਦੀ ਹੈ।

ਦੋਸ਼ੀਆਂ ਦੇ ਨਾਮ:-

1. ਮਨੀਸ ਸਭਰਵਾਲ ਪੁੱਤਰ ਅਮਰਜੀਤ ਸਭਰਵਾਲ ਵਾਸੀ ਹੈਬੋਵਾਲ ਕਲਾਂ, ਲੁਧਿਆਣਾ (ਗ੍ਰਿਫਤਾਰ)
2. ਦਮਨਪ੍ਰੀਤ ਸਿੰਘ ਉਰਫ ਦਮਨ ਪੁੱਤਰ ਕੁਲਵੰਤ ਸਿੰਘ ਵਾਸੀ ਪੁਰੀ ਆਟੋ ਵਾਲੀ ਗਲੀ, ਮੁਹੱਲਾ ਅਜੀਤਨਗਰ ਜਗਰਾਉਂ (ਫਰਾਰ)
3. ਗੁਰਪ੍ਰੀਤ ਸਿੰਘ ਉਰਫ ਬੰਟੀ ਪੁੱਤਰ ਬਲਦੇਵ ਸਿੰਘ ਵਾਸੀ ਚਰਚ ਵਾਲੀ ਗਲੀ ਜਗਰਾਉਂ (ਫਰਾਰ)
4. ਗੁਲਸਨ ਕੁਮਾਰ ਉਰਫ ਸੇਰੂ ਪੁੱਤਰ ਦੇਸ਼ਰਾਜ ਵਾਸੀ ਸਾਸਤਰੀ ਨਗਰ ਵਾਰਡ ਨੰਬਰ 12 ਜਗਰਾਉਂ (ਫਰਾਰ)

ਬਰਾਮਦਗੀ:-

1. 50 ਪੇਟੀਆਂ (600 ਬੋਤਲ) ਸ਼ਰਾਬ ਠੇਕਾ ਦੇਸੀ ਮਾਰਕਾ ਫਸਟ ਚੁਆਇਸ ਫਾਰ ਸੇਲ ਇੰਨ ਹਰਿਆਣਾ
2. ਕਾਰ ਮਾਰਕਾ ਬਰੀਜਾ ਨੰਬਰ PB-10-GT-4776

ਦੋਸ਼ੀ ਮਨੀਸ ਸਭਰਵਾਲ ਉਕਤ ਪਰ ਦਰਜ ਮੁਕੱਦਮੇ:-

1. ਮੁਕੱਦਮਾ ਨੰਬਰ 101 ਮਿਤੀ 21.05.2021 ਜੁਰਮ 27 NDPS ACT ਥਾਣਾ ਹੈਬੋਵਾਲ ਕਲਾਂ
2. ਮੁਕੱਦਮਾ ਨੰਬਰ 80 ਮਿਤੀ 04.05.2021 ਜੁਰਮ 61.01.14 ਥਾਣਾ S.A.S. ਨਗਰ ਫੇਸ-1 ਮੋਹਾਲੀ